# ਲਾਜ਼ਮੀ ਪਾਬੰਦੀਆਂ

## ਕੌਂਵਿਡ-19 ਦੇ ਫੈਲਾਅ ਨੂੰ ਮੱਧਮ ਕਰਨ ਅਤੇ ਆਪਣੇ ਹੈਲਥ ਸਿਸਟਮ ਦੀ ਸੁਰੱਖਿਆ ਲਈ ਲਾਜ਼ਮੀ ਪਬਲਿਕ ਹੈਲਥ ਉਪਾਅ ਐਲਬਰਟਾਭਰ ਵਿੱਚ ਲਾਗੂ ਹਨ।

## ਇਕੱਠ

**ਇੰਨਡੋਰਇਕੱਠ**

ਸਾਰੇ ਇੰਨਡੋਰ ਸਮਾਜਿਕ ਇਕੱਠਾਂ ਦੀ ਮਨਾਹੀ ਹੈ।

- ਉਹ ਵਿਅਕਤੀ ਜਿਹੜੇ ਇਕੱਲੇ ਰਹਿੰਦੇ ਹਨ ਅਤੇ ਸਿੰਗਲ ਪੇਰੈਂਟ ਜਿਹੜੇ ਕੇਵਲ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਰਹਿੰਦੇ ਹਨ, ਦੋ ਵਿਅਕਤੀਆਂ ਨੂੰ ਚੁਣ ਸਕਦੇ ਹਨ ਜਿੰਨ੍ਹਾਂ ਨੂੰ ਉਹ ਇੰਨ੍ਹਾਂ ਪਾਬੰਦੀਆਂ ਦੌਰਾਨ ਮਿਲ-ਗਿਲ ਸਕਦੇ ਹਨ।

**ਆਊਟਡੋਰ ਇਕੱਠ**

ਸਾਰੇ ਆਊਟਡੋਰ ਸਮਾਜਿਕ ਇਕੱਠ ਵੱਧ ਤੋਂ ਵੱਧ 20 ਵਿਅਕਤੀਆਂ ਤੱਕ ਸੀਮਤ ਹਨ ਅਤੇ ਉਨ੍ਹਾਂ ਇਕੱਠਾਂ ਦਾ ਕੋਈ ਵੀ ਸਮਾਂ/ਭਾਗ ਲਾਜ਼ਮੀ ਇੰਨਡੋਰ ਨਹੀਂ ਹੋਣਾ ਚਾਹੀਦਾ।

**ਵਿਆਹ ਸ਼ਾਦੀਆਂ ਅਤੇ ਸਸਕਾਰ**

ਵਿਆਹ ਅਤੇ ਸਸਕਾਰ ਦੀਆਂ ਸਾਰੀਆਂ ਰਸਮਾਂ 20 ਵਿਅਕਤੀਆਂ ਤੱਕ ਸੀਮਤ ਹਨ।ਕੇਵਲ 20 ਵਿਅਕਤੀਆਂ ਤੱਕ ਆਊਟਡੋਰ ਰਿਸੈਪਸ਼ਨ ਦੀ ਇਜਾਜ਼ਤ ਹੈ।

**ਪੂਜਾ ਸਥਾਨ**

ਇੰਨ-ਪਰਸਨ ਹਾਜ਼ਰੀ ਲਈ ਸਾਰੇ ਪੂਜਾ ਸਥਾਨ ਆਪਣੀ ਫਾਇਰ ਕੋਡ ਸਮਰੱਥਾ ਦੇ ਇੱਕ ਤਿਹਾਈ ਤੱਕ ਸੀਮਤ ਹਨ।

- ਮਾਸਕ ਪਾਉਣੇ ਲਾਜ਼ਮੀ ਹਨ।
- ਇਕ ਘਰ ਵਿਚ ਰਹਿਣ ਵਾਲੇ ਵਿਅਕਤੀਆਂ ਨੂੰ ਹੋਰ ਘਰਾਂ ਵਿੱਚ ਰਹਿਣ ਵਾਲੇ ਵਿਅਕਤੀਆਂ ਤੋਂ ਜ਼ਰੂਰੀ ਹਰ ਸਮੇਂ ਦੋ ਮੀਟਰ ਦੀ ਦੂਰੀ ਤੇ ਰਹਿਣਾ ਹੋਵੇਗਾ।

## ਮਾਸਕਪਾਉਣਾ

ਮਾਸਕ ਪਾਉਣਾ ਸਾਰੀਆਂ ਇੰਨਡੋਰ ਜਨਤਕ ਥਾਵਾਂ, ਕੰਮ ਵਾਲੀਆਂ ਥਾਵਾਂ ਅਤੇ ਪੂਜਾ ਸਥਾਨਾਂ ਤੇ ਲਾਜ਼ਮੀ ਹੈ।

## ਘਰੋਂ ਕੰਮ ਕਰਨਾਂ

ਘਰੋਂ ਕੰਮ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਪਰੰਤੂ ਇਹ ਹੁਣ ਲਾਜ਼ਮੀ ਨਹੀਂ ਹੈ ਸਿਵਾਏ ਇਸਦੇ ਜੇਕਰ ਕਿਸੇ ਐਂਪਲਾਇਰ ਨੂੰ ਆਪਣਾ ਕੰਮ ਚੰਗੀ ਤਰ੍ਹਾਂ ਚਲਾਉਣ ਲਈ ਆਪਣੇ ਵਰਕਰ ਦੀ ਸਰੀਰਕ ਹਾਜ਼ਰੀ ਦੀ ਲੋੜ ਹੋਵੇ।

## ਬਿਜ਼ਨਸ ਪਾਬੰਦੀਆਂ

**ਐਂਟਰਟੇਨਮੈਂਟ ਅਤੇ ਰਿਕ੍ਰੀਏਸ਼ਨਲ ਫੈਸਿਲਿਟੀਆਂ**

ਐਂਟਰਟੇਨਮੈਂਟ ਬਿਜ਼ਨਸ ਅਤੇ ਸੰਸਥਾਵਾਂ ਫਾਇਰ ਕੋਡ ਸਮੱਰਥਾ ਦੇ ਇੱਕ ਤਿਹਾਈ ਸੀਮਾ ਤੱਕ ਖੁੱਲੀਆਂ ਰਹਿਣਗੀਆਂ। ਮਿਸਾਲ ਵੱਜੋਂ ਥੀਏਟਰ, ਕਸੀਨੋ, ਰਿਕ੍ਰੀਏਸ਼ਨ ਸੈਂਟਰ ਅਤੇ ਲਾਇਬਰੇਰੀਆਂ।

**ਭੋਜਨ(ਫੂਡ) ਸੇਵਾਵਾਂ**

ਰੈਸਟੋਰੈਂਟ, ਪੱਬ, ਬਾਰਾਂ, ਲਾਉਂਜਾਂ ਅਤੇ ਕੈਫੇ ਇੰਨਡੋਰ ਅਤੇ ਆਊਟਡੋਰ ਡੀਇੰਨਿੰਗ ਲਈ ਖੁੱਲ ਸਕਦੇ ਹਨ।ਇੱਕ ਟੇਬਲ ਤੇ ਅਧਿਕਤਮ 6 ਲੋਕ ਹੋਣ ਅਤੇ ਸ਼ਰਾਬ ਦੀ ਵਿਕਰੀ ਰਾਤ 11 ਵਜੇ ਬੰਦ ਹੋ ਜਾਵੇਗੀ ਅਤੇ ਇੰਨ ਪਰਸਨ ਸੇਵਾਵਾਂ ਲਈ ਡਾਇਨਿੰਗ ਅੱਧੀ ਰਾਤ(12 ਵਜੇ) ਬੰਦ ਹੋ ਜਾਵੇਗੀ।

**ਰੀਟੇਲ ਸੇਵਾਵਾਂ**

ਸਾਰੀਆਂ ਰੀਟੇਲ ਸੇਵਾਵਾਂ ਅਤੇ ਸ਼ਾਪਿੰਗ ਮਾਲਾਂ ਨੂੰ ਆਪਣੇ ਗਾਹਕਾਂ ਦੀ ਗਿਣਤੀ ਜ਼ਰੂਰੀਤੌਰ ਤੇ ਫਾਇਰ ਕੋਡ ਸਮਰੱਥਾ ਦੇ ਇੱਕ ਤਿਹਾਈ ਜਾਂ 5 ਗਾਹਕ (ਜਿਹੜਾ ਵੀ ਵੱਧ ਹੋਵੇ),ਤੱਕਘਟਾਉਣੀਪਵੇਗੀ, ਇਸ ਵਿੱਚ ਸਟਾਫ ਸ਼ਾਮਲ ਨਹੀਂ ਹੈ।

**ਸਿਹਤ ਅਤੇ ਪ੍ਰੋਫੈਸ਼ਨਲ ਸੇਵਾਵਾਂ**

ਸਿਹਤ ਅਤੇ ਪ੍ਰੋਫੈਸ਼ਨਲ ਸੇਵਾਵਾਂ ਇਕ-ਨਾਲ-ਇਕ ਸੇਵਾ ਵਾਸਤੇ ਕੇਵਲ ਅਪੋਆਇੰਟਮੈਂਟਾਂ ਲਈ ਖੁੱਲ੍ਹ ਸਕਦੀਆਂ ਹਨ। ਸਾਰੇ ਪਬਲਿਕ ਹੈਲਥ ਅਤੇ ਸੈਕਟਰ ਨਿਰਦੇਸ਼ਾਂ ਦੀ ਪਾਲਣਾ ਜ਼ਰੂਰ ਕਰਨੀ ਹੋਵੇਗੀ।ਮਿਸਾਲਾਂ 'ਚ ਸ਼ਾਮਲ ਹਨ ਡੈਂਟਿਸਟ, ਆਪਟੋਮੀਟਰਿਸਟ, ਥੈਰੇਪਿਸਟ, ਆਕੂਪੰਕਚਰਿਸਟ, ਵਕੀਲ ਅਤੇ ਅਕਾਊਂਟੈਂਟ।



©2018 Government of Alberta |Published: June2021

Classification: Public

**ਨਿੱਜੀ ਅਤੇ ਤੰਦਰੁਸਤੀ(ਵੈੱਲਨੈਸ) ਸੇਵਾਵਾਂ**

ਨਿੱਜੀ ਅਤੇ ਤੰਦਰੁਸਤੀ ਦੀਆਂ ਸੇਵਾਵਾਂ ਇਕ-ਨਾਲ-ਇਕ ਵਾਸਤੇ(ਵਨ-ਆਨ-ਵਨ) ਸੇਵਾਵਾਂ ਨਾਲ ਕੇਵਲ ਐਪੁਆਇੰਮੈਂਟ ਲਈ ਖੁੱਲ੍ਹ ਸਕਦੀਆਂ ਹਨ। ਸਾਰੇ ਪਬਲਿਕ ਹੈਲਥ ਅਤੇ ਸੈਕਟਰ ਨਿਰਦੇਸ਼ਨਾਂ ਦੀ ਪਾਲਣਾ ਜ਼ਰੂਰੀ ਹੋਵੇਗੀ।ਮਿਸਾਲਾਂ 'ਚ ਸ਼ਾਮਲ ਹਨ, ਹੇਅਰ ਅਤੇ ਨੇਲ ਸੈਲੋਨ, ਐਸਥੈਟਿਕ ਸੇਵਾਵਾਂ ਅਤੇ ਮਸਾਜ ਥੈਰੇਪੀ।

## ਈਵੈਂਟਸ ਅਤੇ ਰੀਕਰੀਏਸ਼ਨ ਐਕਟਿਵਿਟੀਆਂ

**ਤੰਦਰੁਸਤੀ, ਮਨਪ੍ਰਚਾਵਾ ਅਤੇ ਸਪੋਰਟਸ, ਐਕਟਿਵਿਟੀਆਂ**

ਸਾਰੀਆਂ ਇੰਨਡੋਰ ਅਤੇ ਆਊਟਡੋਰ ਸਪੋਰਟਸ ਅਤੇ ਮਨਪ੍ਰਚਾਵਾ(ਰੀਕ੍ਰੀਏਸ਼ਨ)ਐਕਟਿਵਿਟਿਆਂ ਦੀ ਹੁਣ ਇਜਾਜ਼ਤ ਹੈ, ਜਿਸ ਵਿੱਚ ਸ਼ਾਮਿਲ ਹੈ:

- ਟੀਮ ਸਪੋਰਟਸ
- ਗਰੁੱਪ ਪ੍ਰੈਕਟਿਸ ਜਾਂ ਟ੍ਰੇਨਿੰਗ
- ਗੇਮਾਂ, ਮੁਕਾਬਲੇ ਅਤੇ ਲੀਗ ਪਲੇ
- ਯੂਥ ਐਕਟਿਵਿਟਿਆਂ ਜਿਵੇਂ ਕਿ ਦਿਨ ਅਤੇ ਰਾਤਰੀ ਕੈਂਪ ਅਤੇ ਇੰਨਡੋਰ ਖੇਡ ਸੈਂਟਰ।

**ਇੰਨਡੋਰ ਫਿਟਨੈੱਸ ਅਤੇ ਰੀਕਰੀਏਸ਼ਨ ਫੈਸਿਲਟੀ**

ਜਿੰਮ ਅਤੇ ਫਿਟਨੈੱਸ ਸਟੂਡੀਓ ਸੋਲੋ(ਨਿਜੀ) ਅਤੇ ਡਰਾਪ ਇੰਨ ਆਕਟਿਵਿਟੀਆਂ, ਵੰਨ ਆਨ ਵੰਨ ਟ੍ਰੇਨਿੰਗ ਅਤੇ ਇੰਨਡਰ ਫਿਟਨੈੱਸ ਕਲਾਸਾਂ  ਲਈ ਖੁੱਲੇ ਹਨ। ਸੁਰੱਖਿਆ ਜਰੂਰਤਾਂ ਲਾਗੂ ਹਨ।
ਇਨਡੋਰ ਰੀਕਰੀਏਸ਼ਨ ਫੈਸਿਲਿਟੀ ਜਿਵੇਂ ਕਿ ਅਰੀਨਾ, ਪੂਲ ਅਤੇ ਰੈੱਕ ਸੈਂਟਰ ਫਾਇਰ ਕੋਡ ਸਮੱਰਥਾ ਦੇ ਇੱਕ ਤਿਹਾਈ ਸਮੱਰਥਾ ਤੇ ਖੁੱਲ ਸਕਦੇ ਹਨ।

**ਪੇਸ਼ਕਾਰੀ(ਪਰਫੌਰਮੈਂਸ)ਐਕਟਿਵੀਆਂ**

ਇੰਨਡੋਰ ਪਰਫੌਰਮੈਂਸ)ਐਕਟਿਵੀਆਂ ਦੀ ਇਜਾਜ਼ਤ ਹੈ ਜਿਸ ਵਿੱਚ ਸ਼ਾਮਿਲ ਹੈ:

- ਨਾਚ, ਗਾਣਾ, ਐਕਟਿੰਗ ਜਾਂ ਵਾਦ ਵਜਾਉਣਾ
- ਰਿਹਰਸਲ ਜਾਂ ਥੀਏਟਰੀਕਲ ਪੇਸ਼ਕਾਰੀਆਂ

**ਆਊਟਡੋਰ ਪਬਲਿਕ ਸਮਾਗਮ ਅਤੇ ਇਕੱਠ**

ਆਊਟਡੋਰ ਕੱਚੀਆਂ ਸੀਟਾਂ ਦੇ ਸਮਾਗਮ ਜਿਵੇਂ ਕਿ ਕੌਂਸਰਟ ਅਤੇ ਫੈਸਟੀਵਲ ਦੀ 150 ਵਿਅਕਤੀਆਂ ਦੀ ਸੀਮਾ ਤੱਕ ਇਜਾਜ਼ਤ ਹੈ।
ਆਊਟਡੋਰ ਇਕਸਡ ਸੀਟਿੰਗ ਸਹੂਲਤਾਂ ਜਿਵੇਂ ਕਿ ਗ੍ਰੈਂਡ ਸਟੈਂਡ ਵਿੱਚ ਕੁਲ ਸਮੱਰਥਾ ਦੇ ਇੱਕ ਤਿਹਾਈ ਸਮੱਰਥਾ ਤੱਕ ਪ੍ਰਵਾਨਗੀ ਹੈ।



©2018 Government of Alberta |Published: June2021

Classification: Public